# ਮੇਰੇ ਮਕਾਨ ਮਾਲਕ ਨੇ ਮੇਰੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਹਨ!

Created by Ben Davis
from Noun Project

---

- ❖ ਵਾਸ਼ਿੰਗਟਨ ਰਾਜ ਵਿੱਚ ਬੇਦਖਲੀ ਦੀ ਰੋਕ 30 ਜੂਨ, 2021 ਨੂੰ ਸਮਾਪਤ ਹੋਈ। ਪਰ ਕੁਝ ਸੰਘੀ ਅਤੇ ਰਾਜ ਸੁਰੱਖਿਆ ਉਨ੍ਹਾਂ ਲੋਕਾਂ ਲਈ ਰਹਿੰਦੀ ਹੈ ਜਿਨ੍ਹਾਂ ਦਾ ਕੋਵਿਡ -19 ਕਾਰਨ ਅਦਾਇਗੀ ਕਿਰਾਇਆ ਨਹੀਂ ਹੈ। WashingtonLawHelp.org/resource/eviction 'ਤੇ ਕਾਨੂੰਨ ਵਿੱਚ ਨਵੀਨਤਮ ਬਦਲਾਵਾਂ ਬਾਰੇ ਪੜ੍ਹੋ

---

## ਕੀ ਮੈਨੂੰ ਇਹ ਪੜ੍ਹਣਾ ਚਾਹੀਦਾ ਹੈ?

ਹਾਂ, ਤੁਹਾਨੂੰ ਇਹ ਪੜ੍ਹਨਾ ਚਾਹੀਦਾ ਹੈ, ਕਿ ਕੀ ਤੁਸੀਂ ਉਹ ਜਗ੍ਹਾ ਕਿਰਾਏ ‘ਤੇ ਲੈਂਦੇ ਹੋ ਜਾਂ ਨਹੀਂ, ਜਿੱਥੇ ਤੁਸੀਂ ਵਾਸ਼ਿੰਗਟਨ ਸਟੇਟ ਵਿੱਚ ਰਹਿੰਦੇ ਹੋ। ਜੇਕਰ ਤੁਹਾਡਾ ਮਕਾਨ ਮਾਲਕ ਤੁਹਾਨੂੰ ਮੂਵ ਕਰਨ ਲਈ ਮਜ਼ਬੂਰ ਕਰਨ ਦੀ ਕੋਸ਼ਿਸ਼ ਕਰਨ ਲਈ ਤੁਹਾਡੀਆਂ ਸਹੂਲਤਾਂ ਨੂੰ ਬੰਦ ਕਰ ਦਿੰਦਾ ਹੈ, ਤਾਂ ਤੁਹਾਨੂੰ ਇਹ ਪੜ੍ਹਨਾ ਚਾਹੀਦਾ ਹੈ।

## ਮੈਂ ਇਸਨੂੰ ਪੜ੍ਹ ਕੇ ਕੀ ਸਿੱਖਾਂਗਾ/ਗੀ?

- ਕੀ ਕਰਨਾ ਹੈ ਜੇ ਤੁਹਾਡਾ ਮਕਾਨ ਮਾਲਕ ਤੁਹਾਡੀਆਂ ਸਹੂਲਤਾਂ ਬੰਦ ਕਰਦਾ ਹੈ।
- ਕਨੂੰਨੀ ਮਦਦ ਕਿੱਥੋਂ ਹਾਸਿਲ ਕਰਨੀ ਹੈ।

## ਕਨੂੰਨ ਕੀ ਕਹਿੰਦਾ ਹੈ?

RCW 59.18.300 ‘ਤੇ ਰਾਜ ਦੇ ਕਨੂੰਨ ਤਹਿਤ ਇਹ ਗੈਰ-ਕਨੂੰਨੀ ਹੈ ਕਿ ਮਕਾਨ ਮਾਲਕ ਜਾਣ ਬੁੱਝ ਕੇ (ਕਿਸੇ ਉਦੇਸ਼ ਕਰਕੇ) ਸਹੂਲਤਾਂ ਸੇਵਾ ਬੰਦ ਕਰ ਦੇਵੇ। ਇਸ ਵਿੱਚ ਅਥਾਈ ਤੌਰ ‘ਤੇ ਜ਼ਰੂਰੀ ਮੁਰੰਮਤ ਕਰਨ ਤੋਂ ਬਿਨਾਂ, ਪਾਣੀ, ਗਰਮ ਪਾਣੀ, ਹੀਟ, ਬਿਜਲੀ ਜਾਂ ਗੈਸ ਸ਼ਾਮਲ ਹੈ।

ਦੂਸਰੇ ਸ਼ਬਦਾਂ ਵਿੱਚ, ਇਹ ਗੈਰ-ਕਨੂੰਨੀ ਹੈ ਕਿ ਮਕਾਨ ਮਾਲਕ ਤੁਹਾਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕਰਨ ਲਈ ਸਹੂਲਤਾਂ ਬੰਦ ਕਰ ਦੇਵੇ।

ਤੁਸੀਂ ਮਕਾਨ ਮਾਲਕ (ਆਮ ਤੌਰ 'ਤੇ ਛੋਟੇ ਦਾਅਵਿਆਂ ਦੀ ਅਦਾਲਤ ਵਿੱਚ) 'ਤੇ ਹਰ ਦਿਨ $100 ਦਾ ਮੁਕੱਦਮਾ ਕਰ ਸਕਦੇ ਹੋ ਕਿ ਤੁਹਾਡੇ ਕੋਲ ਸਹੂਲਤਾਂ ਨਹੀਂ ਸਨ। ਛੋਟੇ ਦਾਅਵਿਆਂ ਦੀ ਅਦਾਲਤ ਕੀ ਹੈ? ਅਤੇ ਮੈਂ ਛੋਟੇ ਦਾਅਵਿਆਂ ਦੀ ਅਦਾਲਤ ਵਿੱਚ ਕਿਵੇਂ ਕੇਸ ਕਰ ਸਕਦਾ ਹਾਂ? ਨੂੰ ਪੜ੍ਹੋ।

## ਕੀ ਮਕਾਨ ਮਾਲਕ ਕਦੇ ਵੀ ਕਨੂੰਨੀ ਤੋਰ 'ਤੇ ਸਹੂਲਤਾਂ ਬੰਦ ਕਰ ਸਕਦਾ ਹੈ?

ਸ਼ਾਇਦ। ਜੇਕਰ ਤੁਹਾਡੀ ਲੀਜ਼ ਕਹਿੰਦੀ ਹੈ ਕਿ ਤੁਹਾਨੂੰ ਸਹੂਲਤਾਂ ਦੀ ਅਦਾਇਗੀ ਕਰਨੀ ਹੋਵੇਗੀ, ਪਰ ਤੁਸੀਂ ਨਹੀਂ ਕਰਦੇ, ਸਹੂਲਤਾਂ ਦੀ ਕੰਪਨੀ ਸਹੂਲਤਾਂ ਬੰਦ ਕਰ ਸਕਦੀ ਹੈ।

ਜੇਕਰ ਤੁਸੀਂ ਸਥਾਨ ਨੂੰ "**ਛੱਡ ਦਿੱਤਾ**" ਹੈ – ਤੁਸੀਂ ਮਕਾਨ ਮਾਲਕ ਨੂੰ ਦੱਸੇ ਬਿਨਾਂ ਘਰੋਂ ਚਲੇ ਗਏ ਅਤੇ ਕਿਰਾਇਆ ਦੇਣਾ ਬੰਦ ਕਰ ਦਿੱਤਾ ਹੈ – ਤਾਂ ਮਕਾਨ ਮਾਲਕ ਸਹੂਲਤਾਂ ਬੰਦ ਕਰ ਸਕਦਾ ਹੈ।

## ਮੇਰੇ ਮਕਾਨ ਮਾਲਕ ਨੇ ਮੇਰੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਹਨ। ਮੈਂ ਕੀ ਕਰ ਸਕਦਾ/ਦੀ ਹਾਂ?

ਜੇਕਰ ਤੁਸੀਂ ਸਹੂਲਤਾਂ ਨੂੰ ਸੁਰੱਖਿਅਤ ਢੰਗ ਨਾਲ ਚਾਲੂ ਕਰ ਸਕਦੇ ਹੋ, ਜਿਵੇਂ ਕਿ ਇੱਕ ਸਵਿੱਚ ਨੂੰ ਵਾਪਸ ਫਲਿੱਪ ਕਰਕੇ, ਤਾਂ ਤੁਹਾਨੂੰ ਅਜਿਹਾ ਕਰਨਾ ਚਾਹੀਦਾ ਹੈ। ਜੇਕਰ ਸਿਰਫ਼ ਤੁਹਾਡੇ ਮਕਾਨ ਮਾਲਕ ਕੋਲ ਸਹੂਲਤਾਂ ਦੀ ਪਹੁੰਚ ਹੈ, ਤਾਂ ਤੁਰੰਤ ਕਨੂੰਨੀ ਮਦਦ ਲੈਣ ਦੀ ਕੋਸ਼ਿਸ਼ ਕਰੋ। ਹੇਠਾਂ ਸੰਪਰਕ ਜਾਣਕਾਰੀ ਦੇਖੋ।

ਤੁਹਾਡੇ ਵੱਲੋਂ ਕਨੂੰਨੀ ਮਦਦ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਵੇਲੇ ਤੁਹਾਨੂੰ ਮਕਾਨ ਮਾਲਕ ਨੂੰ ਸਹੂਲਤਾਂ ਨੂੰ ਚਾਲੂ ਕਰਨ ਬਾਰੇ ਇੱਕ ਪੱਤਰ ਵੀ ਲਿਖਣਾ ਚਾਹੀਦਾ ਹੈ ਅਤੇ ਦੇਣਾ ਚਾਹੀਦਾ ਹੈ। ਤੁਸੀਂ ਹੇਠਾਂ ਦਿੱਤੇ ਪੱਤਰ ਨੂੰ ਵਰਤ ਸਕਦੇ ਹੋ। ਇਹ ਤੁਹਾਡੀ ਸਥਾਨਕ ਸਰਕਾਰੀ ਏਜੰਸੀ ਨਾਲ ਸੰਪਰਕ ਕਰਨ ਵਿੱਚ ਮਦਦ ਵੀ ਕਰ ਸਕਦਾ ਹੈ, ਜੋ ਬਿਲਡਿੰਗ ਕੋਡਾਂ ਦਾ ਇੰਚਾਰਜ ਹੈ। ਕੁਝ ਕੋਡ ਲਾਗੂ ਕਰਨ ਵਾਲੇ ਅਧਿਕਾਰੀ ਤੁਹਾਡੇ ਲਈ ਸਹੂਲਤਾਂ ਨੂੰ ਵਾਪਸ ਚਾਲੂ ਕਰ ਸਕਦੇ ਹਨ।

ਜੇਕਰ ਤੁਹਾਨੂੰ ਸਹੂਲਤ ਸੰਬੰਧੀ ਸਹਾਇਤਾ ਦੀ ਜ਼ਰੂਰਤ ਹੈ, ਤਾਂ, 2-1-1 'ਤੇ ਕਾਲ ਕਰੋ ਜਾਂ ਉਹਨਾਂ ਦੀ ਵੈੱਬਸਾਈਟ https://search.wa211.org/ 'ਤੇ ਵਿਜ਼ਿਟ ਕਰੋ।

# ਕਨੂੰਨੀ ਮਦਦ ਲਓ

**ਕਿੰਗ ਕਾਉਂਟੀ ਦੇ ਬਾਹਰ**: CLEAR ਹਾਟਲਾਈਨ ਨੂੰ 1-888-201-1014 'ਤੇ ਹਫਤੇ ਦੇ ਦਿਨਾਂ ਵਿੱਚ 9:15 ਸਵੇਰ - 12:15 ਦੁਪਹਿਰ ਦਰਮਿਆਨ ਕਾਲ ਕਰੋ।

**ਕਿੰਗ ਕਾਉਂਟੀ ਵਿੱਚ**: ਕਨੂੰਨੀ ਸੇਵਾਵਾਂ ਪ੍ਰਦਾਤਾ ਦੇ ਰੈਫਰਲ ਲਈ 2 -1-1 'ਤੇ ਹਫਤੇ ਦੇ ਦਿਨਾਂ ਵਿੱਚ 8:00 ਸਵੇਰ – 6:00 ਸ਼ਾਮ ਦਰਮਿਆਨ ਕਾਲ ਕਰੋ।

**60 ਅਤੇ ਇਸ ਤੋਂ ਵੱਧ ਉਮਰ ਦੇ ਵਿਅਕਤੀ** CLEAR*Sr ਨੂੰ 1-888-387-7111 (ਰਾਜ-ਪੱਧਰੀ) 'ਤੇ ਕਾਲ ਕਰ ਸਕਦੇ ਹਨ।

**ਬਹਿਰੇ, ਸੁਣਨ ਵਿੱਚ ਮੁਸ਼ਕਿਲ ਵਾਲੇ ਅਤੇ ਬੋਲਣ ਵਿੱਚ ਦਿੱਕਤ ਵਾਲੇ ਕਾਲਰ** CLEAR ਨੂੰ ਜਾਂ 211 (ਜਾਂ ਟੋਲ-ਫਰੀ
1-877-211-9274) 'ਤੇ ਉਹਨਾਂ ਦੀ ਚੋਣ ਵਾਲੀ ਰੀਲੇਅ ਸੇਵਾ ਨੂੰ ਕਾਲ ਕਰ ਸਕਦੇ ਹਨ।

**CLEAR*Online** - nwjustice.org/get-legal-help **ਨਾਲ ਆਨਾਲਈਨ ਅਪਲਾਈ ਕਰੋ**

CLEAR ਅਤੇ 211 ਇੱਕ ਮੁਫਤ ਦੁਭਾਸ਼ੀਆ ਮੁਹੱਈਆ ਕਰਵਾਉਣਗੇ।

---

ਇਹ ਪਬਲੀਕੇਸ਼ਨ ਤੁਹਾਡੇ ਅਧਿਕਾਰਾਂ ਅਤੇ ਜਿੰਮੇਵਾਰੀਆਂ ਸਬੰਧੀ ਇੱਕ ਆਮ ਜਾਣਕਾਰੀ ਮੁਹੱਈਆ ਕਰਾਉਂਦਾ ਹੈ। ਇਸ ਨੂੰ ਖਾਸ ਕਨੂੰਨੀ ਸਲਾਹ ਦੇ ਬਦਲ ਵਜੋਂ ਨਾ ਵਰਤਿਆ ਜਾਵੇ।

**© 2021 Northwest Justice Project — 1-888-201-1014.**

(ਕਾਪੀ ਅਤੇ ਵਿਤਰਣ ਦੀ ਆਗਿਆ ਅਲਾਇੰਸ ਫਾਰ ਈਕੁਅਲ ਜਸਟਿਸ ਅਤੇ ਵਿਅਕਤੀਆਂ ਨੂੰ ਨਾਨ-ਕਮਰਸ਼ੀਅਲ ਉਦੇਸ਼ਾਂ ਲਈ ਹੀ ਦਿੱਤੀ ਗਈ ਹੈ।)

NOTICE REQUESTING RESTORATION OF UTILITIES

(ਸਹੂਲਤਾਂ ਨੂੰ ਰੀਸਟੋਰ ਕਰਨ ਦੀ ਬੇਨਤੀ ਕਰਨ ਵਾਲਾ ਨੋਟਿਸ)

Date: ____________________

(ਮਿਤੀ)

___________________________________________ [Landlord's name and address]

(ਮਕਾਨ ਮਾਲਕ ਦਾ ਨਾਮ ਅਤੇ ਪਤਾ)

___________________________________________

___________________________________________

___________________________________________

Dear ___________________________________:

(ਪਿਆਰੇ)

This is to notify you that the rental at ___________________________________________

___________________________________________________________________________

which you manage and which I live in needs these utilities restored:

(ਇਹ ਤੁਹਾਨੂੰ ਸੂਚਿਤ ਕਰਨ ਲਈ ਹੈ ਕਿ ______________________________________________ 'ਤੇ ਤੁਸੀਂ ਜਿਸ ਕਿਰਾਏ ਨੂੰ ਪ੍ਰਬੰਧਿਤ ਕਰਦੇ ਹੋ ਅਤੇ ਜਿਸ ਵਿੱਚ ਮੈਂ ਰਹਿੰਦਾ/ਦੀ ਹਾਂ, ਉੱਥੇ ਇਨ੍ਹਾਂ ਸਹੂਲਤਾਂ ਨੂੰ ਰੀਸਟੋਰ ਕਰਨ ਦੀ ਜ਼ਰੂਰਤ ਹੈ:)

1.__________________________________________________________________

2.__________________________________________________________________

3.__________________________________________________________________

The Washington Residential Landlord Tenant Act requires you to begin to do this within 24 hours to repair the loss of hot or cold water, heat or electricity, or a condition imminently hazardous to life.

(ਵਾਸ਼ਿੰਗਟਨ ਰੈਜੀਡੈਂਸ਼ੀਅਲ ਲੈਂਡਲੋਰਡ ਟੇਨੈਂਟ ਐਕਟ ਦੀ ਮੰਗ ਹੈ ਕਿ ਤੁਸੀਂ ਗਰਮ ਜਾਂ ਠੰਡੇ ਪਾਣੀ, ਹੀਟ ਜਾਂ ਬਿਜਲੀ ਦੇ ਨੁਕਸਾਨ ਜਾਂ ਜੀਵਨ ਲਈ ਖ਼ਤਰਨਾਕ ਸਥਿਤੀ ਨੂੰ ਸੁਧਾਰਨ ਲਈ 24 ਘੰਟਿਆਂ ਦੇ ਅੰਦਰ-ਅੰਦਰ ਅਜਿਹਾ ਕਰਨਾ ਸ਼ੁਰੂ ਕਰੋ।)

If the repairs are not completed within the applicable period of time, I intend to use the remedies provided in the Act.

(ਜੇਕਰ ਲਾਗੂ ਹੋਣ ਵਾਲੇ ਸਮੇਂ ਦੇ ਅੰਦਰ ਮੁਰੰਮਤ ਪੂਰੀ ਨਹੀਂ ਕੀਤੀ ਜਾਂਦੀ, ਤਾਂ ਮੈਂ ਐਕਟ ਵਿੱਚ ਦਿੱਤੇ ਉਪਚਾਰਾਂ ਦੀ ਵਰਤੋਂ ਕਰਨ ਦਾ ਇਰਾਦਾ ਰੱਖਦਾ/ਦੀ ਹਾਂ।)

If you have turned off these utilities purposely to force me to move, this is also unlawful under RCW 59.18.300 and I may sue for damages for each day that the utilities were off.

(ਜੇਕਰ ਤੁਸੀਂ ਮੈਨੂੰ ਮੂਵ ਕਰਨ ਲਈ ਮਜ਼ਬੂਰ ਕਰਨ ਲਈ ਇਨ੍ਹਾਂ ਸਹੂਲਤਾਂ ਨੂੰ ਜਾਣ-ਬੁੱਝ ਕੇ ਬੰਦ ਕਰ ਦਿੱਤਾ ਹੈ, ਤਾਂ ਇਹ RCW 59.18.300 ਦੇ ਤਹਿਤ ਵੀ ਗੈਰ-ਕਨੂੰਨੀ ਹੈ ਅਤੇ ਮੈਂ ਹਰ ਦਿਨ ਹਰਜਾਨਿਆਂ ਲਈ ਮੁਕੱਦਮਾ ਕਰ ਸਕਦਾ/ਦੀ ਹਾਂ ਕਿ ਸਹੂਲਤਾਂ ਬੰਦ ਕੀਤੀਆਂ ਗਈਆਂ ਸਨ।)

Sincerely,

(ਤੁਹਾਡਾ ਸ਼ੁੱਭਚਿੰਤਕ,)

________________________________________
Signature
(ਦਸਤਖਤ)

________________________________________
Print Name
(ਨਾਮ ਪ੍ਰਿੰਟ ਕਰੋ)